ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-2518801-16 ਈ-ਮੇਲ: edusat.punjab@gmail.com

ਵੱਲ,

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
3. ਐਜੂਸੈਟ ਸੁਵਿਧਾ ਵਾਲੇ (ਸੀਨੀਅਰ ਸੈਕੰਡਰੀ ਅਤੇ ਹਾਈ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/੧੧੧੬-੧੬
ਮਿਤੀ: 27.. ਜੁਲਾਈ, 2016.

ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ ਮਹੀਨਾ ਅਗਸਤ-2016.

1.0 ਅਗਸਤ-2016 ਦੀ ਐਜੂਸੈਟ ਸ਼ਡਿਊਲ, ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ ਅਤੇ ਹੋਰ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ (ਨੱਥੀ)। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈ ਰਹੇ ਹਨ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਈਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੋਨ ਰਾਹੀਂ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿੱਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 ਸਕੂਲ ਮੁੱਖੀ ਸੁਨਿਸ਼ਚਿਤ ਕਰਨਗੇ ਕਿ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲਬਧ ਕਰਵਾਈ ਹੋਈ ਹੈ ਅਤੇ ਸ਼ਡਿਊਲ ਹਰ ਰੋਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੱਸੀ ਜਾਂਦੀ ਹੈ। ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰੇਗਾ ਕਿ ਲਾਈਵ ਲੈਕਚਰ ਵਾਲੇ ਦਿਨ ਸਬੰਧਤ ਅਧਿਆਪਕ ਹੱਬ ਵਿਖੇ ਸਮੇਂ ਸਿਰ ਹਾਜ਼ਰ ਹੋਣ। ਇਸ ਤੋਂ ਇਲਾਵਾ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਕ੍ਰਿਪਾ ਕਰਕੇ ਆਪਣੀ ਰਾਏ ਈ-ਮੇਲ edusat.punjab@gmail.com ਤੇ ਭੇਜੀ ਜਾਵੇ। ਫੀਡਬੈਕ ਦੇਣ ਲਈ http://goo.gl/forms/FTN8oQjnpp ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/੧੧੧੧ ਮਿਤੀ: 27/07/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ।
4. ਸਮੂਹ ਪ੍ਰਿੰਸੀਪਲ ਡਾਈਟ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
7. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ